# ਅਧਿਆਇ 7
# ਪਰਧਾਨਾਂ ਦੀਆਂ ਬਲੀਆਂ

ਇਹ ਅਧਿਆਇ, ਜੋ ਕਿ ਇਬਰਾਨੀ ਬਾਈਬਲ ਵਿਚ ਜ਼ਬੂਰ 119 ਨੂੰ ਛੱਡ ਕੇ ਸਭ ਤੋਂ ਲੰਮਾ ਅਧਿਆਇ ਹੈ, ਉਨ੍ਹਾਂ ਬਲੀਆਂ ਦਾ ਵਰਣਨ ਕਰਦਾ ਹੈ ਜੋ ਇਸਰਾਏਲ ਦੇ ਗੋਤ ਦੇ ਪਰਧਾਨਾਂ ਦੁਆਰਾ ਯਹੋਵਾਹ ਨੂੰ ਚੜ੍ਹਾਈਆਂ ਗਈਆਂ ਸਨ ਜਦੋਂ ਡੇਹਰੇ ਦਾ ਕੰਮ ਸੰਪੂਰਣ ਹੋ ਗਿਆ ਸੀ। ਇਸ ਅਧਿਆਇ ਨੂੰ ਇਸ ਦੇ ਇਤਹਾਸਕ ਅਤੇ ਸਾਹਿਤਕ ਸੰਦਰਭ ਵਿਚ ਸਮਝਿਆ ਜਾਣਾ ਚਾਹੀਦਾ ਹੈ।

ਗਿਣਤੀ 7:1 ਉਸ ਘਟਨਾ ਦੀ ਸਮੀਖਿਆ ਕਰਦੀ ਹੈ ਜੋ ਗਿਣਤੀ ਕਰਨ ਤੋਂ ਪਹਿਲਾਂ ਵਾਪਰੀ ਸੀ ਜਿਸ ਦੇ ਨਾਲ ਪੁਸਤਕ ਸ਼ੁਰੂ ਹੁੰਦੀ ਹੈ (1:1, 2)। ਦਰਅਸਲ, ਪੁਸਤਕ ਦਾ ਇਹ ਪੂਰਾ ਭਾਗ, 7:1-9:23, ਉਸ ਸਮੇਂ ਨਾਲ ਸੰਬੰਧ ਰੱਖਦਾ ਹੈ ਜਦੋਂ ਡੇਹਰੇ ਨੂੰ ਖੜ੍ਹਾ ਕੀਤਾ ਗਿਆ ਸੀ (ਵੇਖੋ *ਵਾਧੂ ਅਧਿਐਨ: ਗਿਣਤੀ 7 ਅਤੇ 9 ਵਿਚ ਦਿੱਤੇ ਗਏ ਕਾਲਕ੍ਰਮ ਸੂਚਕ*, ਸਫ਼ਾ 160)। ਤਿੰਨ ਅਧਿਆਇ ਵਿਸ਼ੇਸ਼ ਤੌਰ ਤੇ ਲਗਭਗ ਡੇਹਰੇ ਦਾ ਅਤੇ ਉੱਥੇ ਕੇਂਦਰਿਤ ਉਪਾਸਨਾ ਦਾ ਵਰਣਨ ਕਰਦੇ ਹਨ:

| | |
|---|---|
| 7:1-88 | *ਬਲੀਆਂ* ਲਿਆਂਦੀਆਂ ਗਈਆਂ ਜਦੋਂ ਡੇਹਰੇ ਦਾ ਕੰਮ ਸੰਪੂਰਨ ਹੋ ਗਿਆ। |
| 7:89 | ਡੇਹਰੇ ਦੇ ਅੰਦਰ (ਸਰਪੋਸ਼ ਤੇ) *ਮੂਸਾ ਨਾਲ ਪਰਮੇਸ਼ੁਰ ਦੀ ਗੱਲਬਾਤ।* |
| 8:1-4 | ਡੇਹਰੇ ਨੂੰ ਚਾਨਣਾ ਦੇਣ ਦੇ ਲਈ *ਸ਼ਮਾਦਾਨ।* |
| 8:5-26 | ਡੇਹਰੇ ਦੀ ਸੇਵਾ ਟਹਿਲ ਕਰਨ ਦੇ ਲਈ *ਲੇਵੀਆਂ ਨੂੰ ਪਵਿੱਤ੍ਰ ਕੀਤਾ ਗਿਆ।* |
| 9:1-14 | *ਪਸਾਹ ਮਨਾਇਆ ਗਿਆ*, ਡੇਹਰੇ ਨੂੰ ਸ਼ਾਮਲ ਕਰਦਿਆਂ। |
| 9:15-23 | ਡੇਹਰੇ ਉੱਤੇ ਪਰਮੇਸ਼ੁਰ ਦੇ ਮਾਰਗ-ਦਰਸ਼ਨ ਦੇ *ਬੱਦਲ ਦਾ ਠਹਿਰਣਾ।* |

ਇਹ ਤੱਥ ਕਿ ਇਹ ਭਾਗ ਉਸ ਦਿਨ ਦੇ ਹਵਾਲਿਆਂ ਨਾਲ ਸ਼ੁਰੂ ਅਤੇ ਖਤਮ ਹੁੰਦਾ ਹੈ ਜਦੋਂ ਡੇਹਰੇ ਨੂੰ ਖੜ੍ਹਾ ਕੀਤਾ ਗਿਆ ਸੀ (7:1; 9:15) ਦੋਹਾਂ ਨੂੰ ਇਹ ਸੁਝਾਅ ਦਿੰਦਾ ਹੈ ਕਿ ਇਸ ਨੂੰ ਸਮੁੱਚਾ ਸਮਝਿਆ ਜਾਣਾ ਚਾਹੀਦਾ ਹੈ ਕਿ ਡੇਹਰਾ ਬੰਦ ਵਿਚ ਰੁਚੀ ਦਾ ਮੁਢਲਾ ਕੇਂਦਰਬਿੰਦੂ ਹੈ।

ਇਸ ਖਿੱਚ ਦਾ ਕਾਰਣ ਕੀ ਹੈ? ਕਿਉਂ ਲੇਖਕ ਨੇ ਅਧਿਆਇ 1 ਵਿਚ ਗਿਣਤੀ ਨਾਲ ਸ਼ੁਰੂਆਤ ਕੀਤੀ ਸੀ, ਜਦੋਂ ਕਿ 7 ਤੋਂ 9 ਅਧਿਆਵਾਂ ਦੀਆਂ ਘਟਨਾਵਾਂ ਦੇ ਬਾਅਦ ਤੱਕ ਗਿਣਤੀ ਨਹੀਂ ਸੀ ਕੀਤੀ ਗਈ? ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸ ਤਰ੍ਹਾਂ ਕਰਨਾ ਉਸ ਦੇ ਉਦੇਸ਼ਾਂ ਲਈ ਉਚਿਤ ਸੀ। ਇਸ ਤੋਂ ਇਲਾਵਾ, ਆਮ ਤੌਰ ਤੇ ਇਹ ਵੇਖਿਆ ਗਿਆ ਹੈ ਕਿ ਪਹਿਲੇ ਨੌਂ ਅਧਿਆਇ ਤਿੰਨ ਵਿਸ਼ਿਆਂ ਤੇ ਕੇਂਦਰਿਤ ਹਨ:

| | |
|---|---|
| ਗਿਣਤੀ 1-4 | ਸੰਗਠਨ |
| ਗਿਣਤੀ 5; 6 | ਸ਼ੁੱਧਤਾਈ |
| ਗਿਣਤੀ 7-9 | ਉਪਾਸਨਾ |

ਇਹ ਕਿ 7 ਤੋਂ 9 ਅਧਿਆਵਾਂ ਵਿਚ ਕੇਂਦਰਬਿੰਦੂ ਉਪਾਸਨਾ ਤੇ ਹੈ ਡੇਹਰੇ ਤੇ ਜ਼ੋਰ ਤੋਂ ਸਪੱਸ਼ਟ ਪ੍ਰਤੀਤ ਹੁੰਦਾ ਹੈ। ਇਸ ਤੋਂ ਇਲਾਵਾ, ਇਸ ਭਾਗ ਵਿਚ ਦੂਜੇ ਪਸਾਹ ਦਾ ਵਿਰਤਾਂਤ ਸ਼ਾਮਲ ਹੈ ਜੋ ਇਸਰਾਏਲੀਆਂ ਨੇ ਮਨਾਇਆ ਸੀ (ਪਹਿਲਾ ਪਸਾਹ ਜਦੋਂ ਦਾ ਸ਼ੁਰੂਆਤੀ ਪਸਾਹ ਮਿਸਰ ਵਿਚ ਮਨਾਇਆ ਗਿਆ ਸੀ) ਅਤੇ ਇਸ ਤੱਥ ਨੂੰ ਜੋੜਦਾ ਹੈ ਕਿ "ਸੰਗਠਿਤ" ਪਸਾਹ ਇਕ ਮਹੀਨੇ ਬਾਅਦ ਉਨ੍ਹਾਂ ਦੇ ਲਈ ਉਪਲਬਧ ਸੀ ਜਿਹੜੇ ਨਿਯੁਕਤ ਸਮੇਂ ਤੇ ਪਸਾਹ ਵਿਚ ਹਿੱਸਾ ਲੈਣ ਵਿਚ ਅਸਮਰੱਥ ਸਨ।

ਇਹ ਸੰਭਵ ਹੈ ਕਿ ਅਧਿਆਇ 9 ਵਿਚ ਪਸਾਹ ਨੂੰ ਮੰਨਣਾ ਬੰਦ ਦੀ ਮੁੱਢਲੀ ਚਿੰਤਾ ਹੈ। ਜਗਵੇਦੀ ਦਾ ਅਤੇ ਲੇਵੀਆਂ ਦਾ ਅਰਪਨ (ਲੇਵੀਆਂ 8 ਅਤੇ 9 ਵਿਚ ਵਣਰਨ ਕੀਤੇ ਗਏ ਜਾਜਕਾਂ ਦੇ ਪਵਿੱਤ੍ਰ ਕੀਤੇ ਜਾਣ ਤੋਂ ਇਲਾਵਾ) ਪਸਾਹ ਦੇ ਮਨਾਏ ਜਾਣ ਤੋਂ ਪਹਿਲਾਂ ਹੋਣਾ ਚਾਹੀਦਾ ਸੀ। ਇਸ ਦਾ ਅਰਥ ਇਹ ਹੋਵੇਗਾ ਕਿ ਦੂਜੇ ਮਹੀਨੇ[1] ਦੇ ਚੌਦਵੇਂ ਦਿਨ "ਸੰਗਠਿਤ" ਪਸਾਹ ਗਿਣਤੀ ਤੋਂ ਬਾਅਦ ਮਨਾਇਆ ਗਿਆ ਸੀ ਅਤੇ ਉਸ ਘਟਨਾ ਦਾ ਹਵਾਲਾ ਘਟਨਾਕ੍ਰਮ ਤਰਤੀਬ ਵਿਚ ਹੋਵੇਗਾ। ਘਟਨਾਵਾਂ ਦੀਆਂ ਸਮੀਖਿਆ ਜੋ "ਸੰਗਠਿਤ" ਪਸਾਹ ਦੀ ਵੱਲ ਲੈ ਜਾਂਦੀ ਹੈ ਉਸ ਨੂੰ ਪਾਠਕਾਂ ਨੂੰ ਇਹ ਸਮਝਣ ਵਿਚ ਮਦਦ ਕਰਨ ਦੇ ਲਈ ਇਕ ਪਿਛੋਕੜ ਜਾਣਕਾਰੀ ਦੇ ਰੂਪ ਵਿਚ ਸ਼ਾਮਲ ਕੀਤਾ ਗਿਆ ਹੋਵੇਗਾ ਕਿ ਕਿਉਂ ਕੁਝ ਲੋਕ ਪਸਾਹ ਨੂੰ ਪਹਿਲੇ ਮਹੀਨੇ ਦੀ ਬਜਾਇ ਦੂਜੇ ਮਹੀਨੇ ਵਿਚ ਮਨਾਉਂਦੇ ਸਨ।

ਜ਼ਿਆਦਾ ਸਧਾਰਣ ਸ਼ਬਦਾਂ ਵਿਚ, 7 ਤੋਂ 9 ਅਧਿਆਵਾਂ ਵਿਚ ਉਪਾਸਨਾ ਤੇ ਜ਼ੋਰ ਇਹ ਸਪੱਸ਼ਟ ਕਰਦਾ ਹੈ ਕਿ ਇਕ ਪਰਜਾ ਦੇ ਤੌਰ ਤੇ ਇਸਰਾਏਲੀਆਂ ਦੀ ਸਫ਼ਲਤਾ ਜੋ ਵਾਅਦੇ ਦੇ ਦੇਸ ਵਿਚ ਜਾਣ ਦੀ ਤਿਆਰੀ ਕਰ ਰਹੇ ਸਨ ਸਮੁੱਚੇ ਤੌਰ ਤੇ ਉਨ੍ਹਾਂ ਦੇ ਸੰਗਠਨ ਜਾਂ ਉਨ੍ਹਾਂ ਦੀ ਸ਼ੁੱਧਤਾ ਤੇ ਨਿਰਭਰ ਨਹੀਂ ਕਰੇਗੀ। ਇਹ ਪਰਮੇਸ਼ੁਰ ਨਾਲ ਉਨ੍ਹਾਂ ਦੇ ਰਿਸ਼ਤੇ ਤੇ ਨਿਰਭਰ ਕਰੇਗੀ, ਜੋ ਉਨ੍ਹਾਂ ਵਿਚਕਾਰ ਡੇਹਰੇ ਦੀ ਹਜ਼ੂਰੀ ਅਤੇ ਯਹੋਵਾਹ ਦੀ ਉਪਾਸਨਾ ਵਿਚ ਉਨ੍ਹਾਂ ਦੇ ਹਿੱਸਾ ਲੈਣ ਤੋਂ ਦਰਸਾਇਆ ਗਿਆ ਹੈ।[2]

## ਡੇਹਰੇ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣ ਦੇ ਲਈ ਗੱਡਿਆਂ ਅਤੇ ਬਲਦਾਂ ਦੀ ਭੇਟ (7:1-9)

**1ਐਉਂ ਹੋਇਆ ਕਿ ਜਿਸ ਦਿਨ ਮੂਸਾ ਡੇਹਰੇ ਨੂੰ ਖੜਾ ਕਰਨ ਦਾ ਅਤੇ ਉਸ ਨੂੰ ਤੇਲ ਮਲਣ
ਅਤੇ ਉਸ ਨੂੰ ਉਸ ਦੇ ਸਾਰੇ ਸਾਮਾਨ ਸਣੇ ਪਵਿੱਤ੍ਰ ਕਰਨ ਦਾ ਅਤੇ ਜਗਵੇਦੀ ਨੂੰ ਸਾਰਿਆਂ
ਭਾਂਡਿਆਂ ਸਣੇ ਤੇਲ ਮਲਣ ਅਤੇ ਪਵਿੱਤ੍ਰ ਕਰਨ ਦਾ ਕੰਮ ਮੁਕਾ ਚੁੱਕਿਆ। 2ਤਾਂ ਇਸਰਾਏਲੀਆਂ ਦੇ
ਪਰਧਾਨ ਜਿਹੜੇ ਪਿਤ੍ਰਾਂ ਦੇ ਘਰਾਣਿਆਂ ਦੇ ਮੁਖੀਏ ਸਨ ਨਜ਼ਰਾਂ ਲਿਆਏ। ਏਹ ਗੋਤਾਂ ਦੇ ਪਰਧਾਨ
ਅਤੇ ਗਿਣਿਆਂ ਹੋਇਆਂ ਦੇ ਉੱਤੇ ਸਨ। 3ਓਹ ਆਪਣੀਆਂ ਨਜ਼ਰਾਂ ਯਹੋਵਾਹ ਅੱਗੇ ਲਿਆਏ, ਛੇ ਛੱਤੇ
ਹੋਏ ਗੱਡੇ ਅਰ ਬਾਰਾਂ ਬਲਦ ਅਰਥਾਤ ਇੱਕ ਗੱਡਾ ਦੋ ਸਰਦਾਰਾਂ ਵੱਲੋਂ ਅਤੇ ਇੱਕ ਇੱਕ ਬਲਦ
ਇੱਕ ਇੱਕ ਵੱਲੋਂ ਅਤੇ ਓਹ ਉਨ੍ਹਾਂ ਨੂੰ ਡੇਹਰੇ ਦੇ ਸਾਹਮਣੇ ਲਿਆਏ। 4ਤਾਂ ਯਹੋਵਾਹ ਨੇ ਮੂਸਾ ਨੂੰ
ਆਖਿਆ, 5ਉਨ੍ਹਾਂ ਤੋਂ ਲੈ ਲੈ ਤਾਂ ਜੋ ਓਹ ਮੰਡਲੀ ਦੇ ਤੰਬੂ ਦੀ ਟਹਿਲ ਸੇਵਾ ਕਰਨ ਲਈ ਹੋਣ ਅਤੇ
ਤੂੰ ਓਹ ਲੇਵੀਆਂ ਨੂੰ ਹਰ ਇੱਕ ਦੀ ਟਹਿਲ ਸੇਵਾ ਅਨੁਸਾਰ ਦੇ ਦੇਹ। 6ਤਾਂ ਮੂਸਾ ਨੇ ਗੱਡੇ ਅਰ
ਬਲਦ ਲੈ ਕੇ ਲੇਵੀਆਂ ਨੂੰ ਦੇ ਦਿੱਤੇ। 7ਗੇਰਸ਼ੋਨੀਆਂ ਨੂੰ ਦੋ ਗੱਡੇ ਅਰ ਚਾਰ ਬਲਦ ਉਨ੍ਹਾਂ ਦੀ
ਟਹਿਲ ਸੇਵਾ ਅਨੁਸਾਰ ਦਿੱਤੇ। 8ਅਤੇ ਚਾਰ ਗੱਡੇ ਅਰ ਅੱਠ ਬਲਦ ਮਰਾਰੀਆਂ ਨੂੰ ਉਨ੍ਹਾਂ ਦੀ
ਟਹਿਲ ਸੇਵਾ ਅਨੁਸਾਰ ਜਿਹੜੀ ਹਾਰੂਨ ਜਾਜਕ ਦੇ ਪੁੱਤ੍ਰ ਈਥਾਮਾਰ ਦੇ ਹੱਥ ਵਿੱਚ ਸੀ ਦਿੱਤੇ।
9ਪਰ ਕਹਾਥੀਆਂ ਨੂੰ ਕੁਝ ਨਾ ਦਿੱਤਾ ਤਾਂ ਜੋ ਪਵਿੱਤ੍ਰ ਅਸਥਾਨ ਦੇ ਭਾਰ ਦਾ ਕੰਮ ਜਿਹੜਾ ਉਨ੍ਹਾਂ**

**ਦੀ ਟਹਿਲ ਸੇਵਾ ਦਾ ਸੀ ਓਹ ਆਪਣੇ ਮੋਢਿਆਂ ਉੱਤੇ ਚੁੱਕਿਆ ਕਰਨ।**

**ਆਇਤ 1.** ਅਧਿਆਇ 7 ਦੀਆਂ ਪਹਿਲੀਆਂ ਨੌਂ ਆਇਤਾਂ **ਉਸ ਦਿਨ** ਦੀ ਚਰਚਾ ਕਰਦੀਆਂ ਹਨ **ਜਿਸ ਦਿਨ ਮੂਸਾ ਡੇਹਰੇ ਨੂੰ ਖੜਾ ਕਰਨ ਦਾ ਕੰਮ ਮੁਕਾ ਚੁੱਕਿਆ ਸੀ।** ਇਹ ਜਾਣਕਾਰੀ ਉਸ ਨੂੰ ਪੂਰਾ ਕਰਦੀ ਹੈ ਜੋ ਕੂਚ 40 ਅਤੇ ਲੇਵੀਆਂ 8 ਵਿਚ ਲਿਖਿਆ ਹੈ। ਕੂਚ 40:2, 17 ਦੱਸਦੀਆਂ ਹਨ ਕਿ ਜਦੋਂ ਦਾ ਉਨ੍ਹਾਂ ਨੇ ਮਿਸਰ ਨੂੰ ਛੱਡਿਆ ਸੀ ਉਸ ਤੋਂ ਬਾਅਦ ਇਹ "ਦੂਜੇ ਵਰਹੇ" ਦੇ "ਪਹਿਲੇ ਮਹੀਨੇ ਦੇ ਪਹਿਲੇ ਦਿਨ" ਸੀ। ਮੂਸਾ ਨੇ ਡੇਹਰੇ ਨੂੰ **ਤੇਲ ਮਲਣ ਅਤੇ ਉਸ ਨੂੰ ਉਸ ਦੇ ਸਾਰੇ ਸਾਮਾਨ ਸਣੇ ਪਵਿੱਤ੍ਰ ਕਰਨ ਦਾ ਅਤੇ ਜਗਵੇਦੀ ਨੂੰ ਸਾਰਿਆਂ ਭਾਂਡਿਆਂ ਸਣੇ ਤੇਲ ਮਲਣ ਅਤੇ ਪਵਿੱਤ੍ਰ ਕਰਨ ਦਾ ਕੰਮ ਮੁਕਾ ਦਿੱਤਾ** (ਵੇਖੋ ਲੇਵੀਆਂ 8:10, 11)। ਉਸ ਨੇ ਉਸ ਪਵਿੱਤ੍ਰ ਤੇਲ ਦੀ ਵਰਤੋਂ ਕੀਤੀ ਸੀ ਜਿਸ ਦਾ ਵਰਣਨ ਕੂਚ 30:22-33 ਵਿਚ ਕੀਤਾ ਗਿਆ ਸੀ।

**ਆਇਤਾਂ 2, 3. ਇਸਰਾਏਲੀਆਂ ਦੇ** ਬਾਰਾਂ ਗੋਤਾਂ ਦੇ **ਪਰਧਾਨ ਜਿਹੜੇ ਪਿਤ੍ਰਾਂ ਦੇ ਘਰਾਣਿਆਂ ਦੇ ਮੁਖੀ ਸਨ** ਉਹ ਇਸ ਮੌਕੇ ਤੇ ਨਜ਼ਰਾਂ ਲਿਆਏ। ਗੋਤਾਂ ਦੇ ਨੁਮਾਇੰਦੇ **ਆਪਣੀਆਂ ਨਜ਼ਰਾਂ ਯਹੋਵਾਹ ਦੇ ਅੱਗੇ ਲਿਆਏ** ਜਿਸ ਵਿਚ **ਛੇ ਛੱਤੇ ਹੋਏ ਗੱਡੇ ਅਰ ਬਾਰਾਂ ਬਲਦ ਅਰਥਾਤ ਇੱਕ ਗੱਡਾ ਦੋ ਸਰਦਾਰਾਂ ਵੱਲੋਂ ਅਤੇ ਇੱਕ ਇਕ ਬਲਦ ਇੱਕ ਇੱਕ ਵੱਲੋਂ** ਸ਼ਾਮਲ ਸੀ। ਇਬਰਾਨੀ ਸ਼ਬਦ עֲגָלָה *(ਅਗਾਲਾਹ)* ਦੋ ਪਹੀਆਂ ਵਾਲੇ ਗੱਡੇ ਜਾਂ ਚਾਰ ਪਹੀਆਂ ਵਾਲੀ ਗੱਡੀ ਦਾ ਹਵਾਲਾ ਦੇ ਸਕਦਾ ਹੈ; ਚਾਰ ਪਹੀਆਂ ਵਾਲੀ ਗੱਡੀ ਕਈ ਵਾਰ ਛੱਤਰੀ ਨਾਲ ਢੱਕੀ ਹੁੰਦੀ ਸੀ। ਇਨ੍ਹਾਂ ਗੱਡਿਆਂ ਨੂੰ ਬਲਦਾਂ ਦੀ ਜੋੜੀ ਨਾਲ ਖਿੱਚਿਆ ਜਾਣਾ ਇਕ ਆਮ ਗੱਲ ਸੀ।[3] ਇਸ ਲਿਖਤ ਵਿਚ, ਬਾਰਾਂ ਗੋਤਾਂ ਦੇ ਪਰਧਾਨਾਂ ਦੁਆਰਾ ਦਿੱਤੇ ਗਏ ਇਹ ਛੇ ਵਾਹਨ (ਜਾਂ ਤਾਂ ਗੱਡੇ ਜਾਂ ਗੱਡੀਆਂ) ਅਤੇ ਬਾਰਾਂ ਬਲਦ **ਡੇਹਰੇ ਦੇ ਸਾਹਮਣੇ** ਲਿਆਂਦੇ ਗਏ ਸਨ।

**ਆਇਤਾਂ 4-8.** ਪਰਮੇਸ਼ੁਰ ਦੀ ਹਦਾਇਤ ਤੇ, ਮੂਸਾ ਨੇ ਇਹ ਨਜ਼ਰਾਂ ਲਈਆਂ ਅਤੇ ਫਿਰ ਉਨ੍ਹਾਂ ਨੂੰ **ਲੇਵੀਆਂ ਨੂੰ ਹਰ ਇੱਕ ਦੀ ਟਹਿਲ ਸੇਵਾ ਅਨੁਸਾਰ** ਵੰਡ ਦਿੱਤਾ। **ਚਾਰ ਗੱਡੇ ਅਰ ਅੱਠ ਬਲਦ ਮਰਾਰੀਆਂ ਨੂੰ** ਦਿੱਤੇ ਗਏ ਸਨ, ਜਿਨ੍ਹਾਂ ਦਾ ਕੰਮ ਸੀ ਡੇਹਰੇ ਨਾਲ ਜੁੜੀਆਂ ਸਭ ਤੋਂ ਜ਼ਿਆਦਾ ਭਾਰੀਆਂ ਚੀਜ਼ਾਂ ਨੂੰ ਚੁੱਕਣਾ। **ਦੋ ਗੱਡੇ ਅਰ ਚਾਰ ਬਲਦ ਗੇਰਸ਼ੋਨੀਆਂ ਨੂੰ** ਗਏ, ਜਿਹੜੇ ਡੇਹਰੇ ਦੇ ਹਲਕੇ ਢੱਕਣਾਂ ਨੂੰ ਚੁੱਕਦੇ ਸਨ। ਇਸ ਲਈ, ਗੱਡੇ ਅਤੇ ਬਲਦ ਮਰਾਰੀਆਂ ਅਤੇ ਗੇਰਸ਼ੋਨੀਆਂ ਨੂੰ ਉਨ੍ਹਾਂ ਦੇ ਉਜਾੜ ਦੇ ਸਫ਼ਰਾਂ ਵਿਚ ਡੇਹਰੇ ਦੀਆਂ ਸਮੱਗਰੀਆਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣ ਵਿਚ ਮਦਦ ਕਰਨਗੇ।

**ਆਇਤ 9.** ਕਿਉਂਕਿ ਨਜ਼ਰਾਂ ਲੇਵੀਆਂ ਦੇ ਹਰ ਇਕ ਪਰਿਵਾਰ ਦੀਆਂ ਜ਼ਰੂਰਤਾਂ ਅਨੁਸਾਰ ਵੰਡੀਆਂ ਗਈਆਂ ਸਨ, **ਕਹਾਥੀਆਂ** ਨੂੰ ਕੋਈ ਗੱਡਾ ਨਹੀਂ ਮਿਲਿਆ। ਉਨ੍ਹਾਂ ਦੀ ਜ਼ਿੰਮੇਵਾਰੀ ਡੇਹਰੇ ਵਿਚ ਜੋ ਸਭ ਤੋਂ ਪਵਿੱਤਰ ਚੀਜ਼ਾਂ ਸਨ ਉਨ੍ਹਾਂ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਲੈ ਕੇ ਜਾਣ ਦੀ ਸੀ ਅਤੇ ਇਹ **ਮੋਢਿਆਂ ਉੱਤੇ ਚੁੱਕੀਆਂ** ਜਾਂਦੀਆਂ ਸਨ ਅਤੇ ਉਨ੍ਹਾਂ ਨੂੰ ਚੁੱਕਣ ਦੇ ਲਈ ਚੋਬਾਂ ਦੀ ਵਰਤੋਂ ਕੀਤੀ ਜਾਂਦੀ ਸੀ। ਉਸ ਮੌਕੇ ਜਦੋਂ ਊਜ਼ਾਹ ਨੇਮ ਦੇ ਸੰਦੂਕ ਨੂੰ ਛੋਹਣ ਦੇ ਕਾਰਣ ਮਾਰਿਆ ਗਿਆ ਸੀ, ਇਸ ਨੂੰ - ਪਰਮੇਸ਼ੁਰ ਦੀ ਬਿਵਸਥਾ ਦੇ ਉਲਟ - ਗੱਡੇ ਉੱਤੇ ਲੱਦ ਕੇ ਲਿਜਾਇਆ ਜਾ ਰਿਹਾ ਸੀ (2 ਸਮੂਏਲ 6:6, 7)।

## ਜਗਵੇਦੀ ਦੀ ਚੱਠ ਲਈ ਚੜ੍ਹਾਵਾ (7:10-88)

**[10]ਇਉਂ ਪਰਧਾਨ ਜਗਵੇਦੀ ਦੀ ਚੱਠ ਲਈ ਜਿਸ ਦਿਨ ਉਸ ਉੱਤੇ ਤੇਲ ਚੋਪੜਿਆ ਗਿਆ ਆਪਣੀਆਂ ਨਜ਼ਰਾਂ ਲਿਆਏ। ਪਰਧਾਨ ਜਾਜਕ ਆਪਣੇ ਚੜ੍ਹਾਵੇ ਜਗਵੇਦੀ ਦੇ ਸਾਹਮਣੇ ਲਿਆਏ।**

11ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ ਕਿ ਇਕੱਲਾ ਇਕੱਲਾ ਪਰਧਾਨ ਆਪਣੀ ਵਾਰੀ ਦੇ ਦਿਨ
ਜਗਵੇਦੀ ਦੀ ਚੱਠ ਲਈ ਆਪਣੀਆਂ ਨਜ਼ਰਾਂ ਲਿਆਵੇ।

12ਤਾਂ ਐਉਂ ਹੋਇਆ ਕਿ ਪਹਿਲੇ ਦਿਨ ਅੰਮੀਨਾਦਾਬ ਦਾ ਪੁੱਤ੍ਰ ਨਹਸ਼ੋਨ ਯਹੂਦਾਹ ਦੇ ਗੋਤ ਦਾ
ਆਪਣਾ ਚੜ੍ਹਾਵਾ ਲਿਆਇਆ। 13ਉਸ ਦਾ ਚੜ੍ਹਾਵਾ ਚਾਂਦੀ ਦਾ ਇੱਕ ਥਾਲ ਸੀ ਜਿਸ ਦਾ ਤੋਲ ਇੱਕ
ਸੇਰ ਦਸ ਛਟਾਂਕ ਸੀ ਅਤੇ ਚਾਂਦੀ ਦਾ ਇੱਕ ਕਟੋਰਾ ਚੌਦਾਂ ਛਟਾਂਕ ਦਾ ਪਵਿੱਤ੍ਰ ਅਸਥਾਨ ਦੇ
ਸ਼ਕਲ ਅਨੁਸਾਰ। ਏਹ ਦੋਵੇਂ ਮੈਦੇ ਦੀ ਭੇਟ ਲਈ ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ।
14ਇੱਕ ਕੌਲੀ ਸੋਨੇ ਦੀ ਦਸ ਤੋਲੇ ਦੀ ਧੂਪ ਨਾਲ ਭਰੀ ਹੋਈ। 15ਇੱਕ ਵਹਿੜਾ, ਇੱਕ ਛੱਤ੍ਰਾ, ਇੱਕ
ਇੱਕ ਸਾਲਾ ਲੇਲਾ ਹੋਮ ਦੀ ਬਲੀ ਲਈ, 16ਇੱਕ ਪੱਠਾ ਪਾਪ ਦੀ ਬਲੀ ਲਈ 17ਅਤੇ ਸੁਖ ਸਾਂਦ ਦੀ
ਬਲੀ ਲਈ ਦੋ ਬਲਦ, ਪੰਜ ਛੱਤ੍ਰੇ, ਪੰਜ ਬੱਕਰੇ ਅਤੇ ਪੰਜ ਇੱਕ ਸਾਲੇ ਲੇਲੇ। ਏਹ ਅੰਮੀਨਾਦਾਬ ਦੇ
ਪੁੱਤ੍ਰ ਨਹਸ਼ੋਨ ਦਾ ਚੜ੍ਹਾਵਾ ਸੀ।

18ਦੂਜੇ ਦਿਨ ਸੂਆਰ ਦਾ ਪੁੱਤ੍ਰ ਨਥਨਿਏਲ ਯਿੱਸਾਕਾਰ ਦਾ ਪਰਧਾਨ ਆਪਣਾ ਚੜ੍ਹਾਵਾ
ਲਿਆਇਆ। 19ਉਹ ਦਾ ਚੜ੍ਹਾਵਾ ਚਾਂਦੀ ਦਾ ਇੱਕ ਥਾਲ ਸੀ ਜਿਸ ਦਾ ਤੋਲ ਇੱਕ ਸੇਰ ਦਸ
ਛਟਾਂਕ ਸੀ ਅਤੇ ਚਾਂਦੀ ਦਾ ਇੱਕ ਕਟੋਰਾ ਚੌਦਾਂ ਛਟਾਂਕ ਦਾ ਪਵਿੱਤ੍ਰ ਅਸਥਾਨ ਦੇ ਸ਼ਕਲ
ਅਨੁਸਾਰ। ਏਹ ਦੋਵੇਂ ਮੈਦੇ ਦੀ ਭੇਟ ਲਈ ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ। 20ਇੱਕ ਕੌਲੀ
ਸੋਨੇ ਦੀ ਦਸ ਤੋਲੇ ਦੀ ਧੂਪ ਨਾਲ ਭਰੀ ਹੋਈ। 21ਇੱਕ ਵਹਿੜਾ, ਇੱਕ ਛੱਤ੍ਰਾ, ਇੱਕ ਇੱਕ ਸਾਲਾ
ਲੇਲਾ ਹੋਮ ਦੀ ਬਲੀ ਲਈ। 22ਇੱਕ ਪੱਠਾ ਪਾਪ ਦੀ ਬਲੀ ਲਈ 23ਅਤੇ ਸੁਖ ਸਾਂਦ ਦੀ ਬਲੀ ਲਈ
ਦੋ ਬਲਦ, ਪੰਜ ਛੱਤ੍ਰੇ, ਪੰਜ ਬੱਕਰੇ ਅਤੇ ਪੰਜ ਇੱਕ ਸਾਲੇ ਲੇਲੇ। ਏਹ ਸੂਆਰ ਦੇ ਪੁੱਤ੍ਰ ਨਥਨਿਏਲ
ਦਾ ਚੜ੍ਹਾਵਾ ਸੀ।

24ਤੀਜੇ ਦਿਨ ਜ਼ਬੂਲੁਨੀਆਂ ਦਾ ਪਰਧਾਨ ਹੇਲੋਨ ਦਾ ਪੁੱਤ੍ਰ ਅਲੀਆਬ ਆਪਣਾ ਚੜ੍ਹਾਵਾ
ਲਿਆਇਆ। 25ਉਹ ਦਾ ਚੜ੍ਹਾਵਾ ਚਾਂਦੀ ਦਾ ਇੱਕ ਥਾਲ ਸੀ ਜਿਸ ਦਾ ਤੋਲ ਇੱਕ ਸੇਰ ਦਸ
ਛਟਾਂਕ ਸੀ ਅਤੇ ਚਾਂਦੀ ਦਾ ਇੱਕ ਕਟੋਰਾ ਚੌਦਾਂ ਛਟਾਂਕ ਦਾ ਪਵਿੱਤ੍ਰ ਅਸਥਾਨ ਦੇ ਸ਼ਕਲ
ਅਨੁਸਾਰ। ਏਹ ਦੋਵੇਂ ਮੈਦੇ ਦੀ ਭੇਟ ਲਈ ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ। 26ਇੱਕ ਕੌਲੀ
ਸੋਨੇ ਦੀ ਦਸ ਤੋਲੇ ਦੀ ਧੂਪ ਨਾਲ ਭਰੀ ਹੋਈ। 27ਇੱਕ ਵਹਿੜਾ, ਇੱਕ ਛੱਤ੍ਰਾ, ਇੱਕ ਇੱਕ ਸਾਲਾ
ਲੇਲਾ ਹੋਮ ਦੀ ਬਲੀ ਲਈ। 28ਇੱਕ ਪੱਠਾ ਪਾਪ ਦੀ ਬਲੀ ਲਈ 29ਅਤੇ ਸੁਖ ਸਾਂਦ ਦੀ ਬਲੀ ਲਈ
ਦੋ ਬਲਦ, ਪੰਜ ਛੱਤ੍ਰੇ, ਪੰਜ ਬੱਕਰੇ ਅਤੇ ਪੰਜ ਇੱਕ ਸਾਲੇ ਲੇਲੇ। ਏਹ ਹੇਲੋਨ ਦੇ ਪੁੱਤ੍ਰ ਅਲੀਆਬ
ਦਾ ਚੜ੍ਹਾਵਾ ਸੀ।

30ਚੌਥੇ ਦਿਨ ਰਊਬੇਨੀਆਂ ਦਾ ਪਰਧਾਨ ਸ਼ਦੇਊਰ ਦਾ ਪੁੱਤ੍ਰ ਅਲੀਸੂਰ ਆਪਣਾ ਚੜ੍ਹਾਵਾ
ਲਿਆਇਆ। 31ਉਹ ਦਾ ਚੜ੍ਹਾਵਾ ਚਾਂਦੀ ਦਾ ਇੱਕ ਥਾਲ ਸੀ ਜਿਸ ਦਾ ਤੋਲ ਇੱਕ ਸੇਰ ਦਸ
ਛਟਾਂਕ ਸੀ ਅਤੇ ਚਾਂਦੀ ਦਾ ਇੱਕ ਕਟੋਰਾ ਚੌਦਾਂ ਛਟਾਂਕ ਦਾ ਪਵਿੱਤ੍ਰ ਅਸਥਾਨ ਦੇ ਸ਼ਕਲ
ਅਨੁਸਾਰ। ਏਹ ਦੋਵੇਂ ਮੈਦੇ ਦੀ ਭੇਟ ਲਈ ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ। 32ਇੱਕ ਕੌਲੀ
ਸੋਨੇ ਦੀ ਦਸ ਤੋਲੇ ਦੀ ਧੂਪ ਨਾਲ ਭਰੀ ਹੋਈ। 33ਇੱਕ ਵਹਿੜਾ, ਇੱਕ ਛੱਤ੍ਰਾ, ਇੱਕ ਇੱਕ ਸਾਲਾ
ਲੇਲਾ ਹੋਮ ਦੀ ਬਲੀ ਲਈ। 34ਇੱਕ ਪੱਠਾ ਪਾਪ ਦੀ ਬਲੀ ਲਈ 35ਅਤੇ ਸੁਖ ਸਾਂਦ ਦੀ ਬਲੀ ਲਈ
ਦੋ ਬਲਦ, ਪੰਜ ਛੱਤ੍ਰੇ, ਪੰਜ ਬੱਕਰੇ ਅਤੇ ਪੰਜ ਇੱਕ ਸਾਲੇ ਲੇਲੇ। ਏਹ ਸ਼ਦੇਊਰ ਦੇ ਪੁੱਤ੍ਰ ਅਲੀਸੂਰ
ਦਾ ਚੜ੍ਹਾਵਾ ਸੀ।

36ਪੰਜਵੇਂ ਦਿਨ ਸ਼ਿਮਓਨੀਆਂ ਦਾ ਪਰਧਾਨ ਸੂਰੀਸ਼ਦਾਈ ਦਾ ਪੁੱਤ੍ਰ ਸ਼ਲੁਮੀਏਲ ਆਪਣਾ
ਚੜ੍ਹਾਵਾ ਲਿਆਇਆ। 37ਉਹ ਦਾ ਚੜ੍ਹਾਵਾ ਚਾਂਦੀ ਦਾ ਇੱਕ ਥਾਲ ਸੀ ਜਿਸ ਦਾ ਤੋਲ ਇੱਕ ਸੇਰ
ਦਸ ਛਟਾਂਕ ਸੀ ਅਤੇ ਚਾਂਦੀ ਦਾ ਇੱਕ ਕਟੋਰਾ ਚੌਦਾਂ ਛਟਾਂਕ ਦਾ ਪਵਿੱਤ੍ਰ ਅਸਥਾਨ ਦੇ ਸ਼ਕਲ

ਅਨੁਸਾਰ। ਏਹ ਦੋਵੇਂ ਮੈਦੇ ਦੀ ਭੇਟ ਲਈ ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ। 38ਇੱਕ ਕੌਲੀ
ਸੋਨੇ ਦੀ ਦਸ ਤੋਲੇ ਦੀ ਧੂਪ ਨਾਲ ਭਰੀ ਹੋਈ। 39ਇੱਕ ਵਹਿੜਾ, ਇੱਕ ਛੱਤ੍ਰਾ, ਇੱਕ ਇੱਕ ਸਾਲਾ
ਲੇਲਾ ਹੋਮ ਦੀ ਬਲੀ ਲਈ। 40ਇੱਕ ਪੱਠਾ ਪਾਪ ਦੀ ਬਲੀ ਲਈ 41ਅਤੇ ਸੁਖ ਸਾਂਦ ਦੀ ਬਲੀ ਲਈ
ਦੋ ਬਲਦ, ਪੰਜ ਛੱਤ੍ਰੇ, ਪੰਜ ਬੱਕਰੇ ਅਤੇ ਪੰਜ ਇੱਕ ਸਾਲੇ ਲੇਲੇ। ਏਹ ਸੂਰੀਸ਼ਦਾਈ ਦੇ ਪੁੱਤ੍ਰ
ਸ਼ਲੁਮੀਏਲ ਦਾ ਚੜ੍ਹਾਵਾ ਸੀ।

42ਛੇਵੇਂ ਦਿਨ ਗਾਦੀਆਂ ਦਾ ਪਰਧਾਨ ਦਊਏਲ ਦਾ ਪੁੱਤ੍ਰ ਅਲਯਾਸਾਫ਼ ਆਪਣਾ ਚੜ੍ਹਾਵਾ
ਲਿਆਇਆ। 43ਉਹ ਦਾ ਚੜ੍ਹਾਵਾ ਚਾਂਦੀ ਦਾ ਇੱਕ ਥਾਲ ਸੀ ਜਿਸ ਦਾ ਤੋਲ ਇੱਕ ਸੇਰ ਦਸ
ਛਟਾਂਕ ਸੀ ਅਤੇ ਚਾਂਦੀ ਦਾ ਇੱਕ ਕਟੋਰਾ ਚੌਦਾਂ ਛਟਾਂਕ ਦਾ ਪਵਿੱਤ੍ਰ ਅਸਥਾਨ ਦੇ ਸ਼ਕਲ
ਅਨੁਸਾਰ। ਏਹ ਦੋਵੇਂ ਮੈਦੇ ਦੀ ਭੇਟ ਲਈ ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ। 44ਇੱਕ ਕੌਲੀ
ਸੋਨੇ ਦੀ ਦਸ ਤੋਲੇ ਦੀ ਧੂਪ ਨਾਲ ਭਰੀ ਹੋਈ। 45ਇੱਕ ਵਹਿੜਾ, ਇੱਕ ਛੱਤ੍ਰਾ, ਇੱਕ ਇੱਕ ਸਾਲਾ
ਲੇਲਾ ਹੋਮ ਦੀ ਬਲੀ ਲਈ। 46ਇੱਕ ਪੱਠਾ ਪਾਪ ਦੀ ਬਲੀ ਲਈ 47ਅਤੇ ਸੁਖ ਸਾਂਦ ਦੀ ਬਲੀ ਲਈ
ਦੋ ਬਲਦ, ਪੰਜ ਛੱਤ੍ਰੇ, ਪੰਜ ਬੱਕਰੇ ਅਤੇ ਪੰਜ ਇੱਕ ਸਾਲੇ ਲੇਲੇ। ਏਹ ਦਊਏਲ ਦੇ ਪੁੱਤ੍ਰ
ਅਲਯਾਸਾਫ਼ ਦਾ ਚੜ੍ਹਾਵਾ ਸੀ।

48ਸੱਤਵੇਂ ਦਿਨ ਅਫਰਈਮੀਆਂ ਦਾ ਪਰਧਾਨ ਅੰਮੀਹੂਦ ਦਾ ਪੁੱਤ੍ਰ ਅਲੀਸ਼ਾਮਾ ਆਪਣਾ
ਚੜ੍ਹਾਵਾ ਲਿਆਇਆ। 49ਉਹ ਦਾ ਚੜ੍ਹਾਵਾ ਚਾਂਦੀ ਦਾ ਇੱਕ ਥਾਲ ਸੀ ਜਿਸ ਦਾ ਤੋਲ ਇੱਕ ਸੇਰ
ਦਸ ਛਟਾਂਕ ਸੀ ਅਤੇ ਚਾਂਦੀ ਦਾ ਇੱਕ ਕਟੋਰਾ ਚੌਦਾਂ ਛਟਾਂਕ ਦਾ ਪਵਿੱਤ੍ਰ ਅਸਥਾਨ ਦੇ ਸ਼ਕਲ
ਅਨੁਸਾਰ। ਏਹ ਦੋਵੇਂ ਮੈਦੇ ਦੀ ਭੇਟ ਲਈ ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ। 50ਇੱਕ ਕੌਲੀ
ਸੋਨੇ ਦੀ ਦਸ ਤੋਲੇ ਦੀ ਧੂਪ ਨਾਲ ਭਰੀ ਹੋਈ। 51ਇੱਕ ਵਹਿੜਾ, ਇੱਕ ਛੱਤ੍ਰਾ, ਇੱਕ ਇੱਕ ਸਾਲਾ
ਲੇਲਾ ਹੋਮ ਦੀ ਬਲੀ ਲਈ। 52ਇੱਕ ਪੱਠਾ ਪਾਪ ਦੀ ਬਲੀ ਲਈ 53ਅਤੇ ਸੁਖ ਸਾਂਦ ਦੀ ਬਲੀ ਲਈ
ਦੋ ਬਲਦ, ਪੰਜ ਛੱਤ੍ਰੇ, ਪੰਜ ਬੱਕਰੇ ਅਤੇ ਪੰਜ ਇੱਕ ਸਾਲੇ ਲੇਲੇ। ਏਹ ਅੰਮੀਹੂਦ ਦੇ ਪੁੱਤ੍ਰ
ਅਲੀਸ਼ਾਮਾ ਦਾ ਚੜ੍ਹਾਵਾ ਸੀ।

54ਅੱਠਵੇਂ ਦਿਨ ਮਨੱਸ਼ੀਆਂ ਦਾ ਪਰਧਾਨ ਪਦਾਹਸੂਰ ਦਾ ਪੁੱਤ੍ਰ ਗਮਲੀਏਲ ਆਪਣਾ ਚੜ੍ਹਾਵਾ
ਲਿਆਇਆ। 55ਉਹ ਦਾ ਚੜ੍ਹਾਵਾ ਚਾਂਦੀ ਦਾ ਇੱਕ ਥਾਲ ਸੀ ਜਿਸ ਦਾ ਤੋਲ ਇੱਕ ਸੇਰ ਦਸ
ਛਟਾਂਕ ਸੀ ਅਤੇ ਚਾਂਦੀ ਦਾ ਇੱਕ ਕਟੋਰਾ ਚੌਦਾਂ ਛਟਾਂਕ ਦਾ ਪਵਿੱਤ੍ਰ ਅਸਥਾਨ ਦੇ ਸ਼ਕਲ
ਅਨੁਸਾਰ। ਏਹ ਦੋਵੇਂ ਮੈਦੇ ਦੀ ਭੇਟ ਲਈ ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ। 56ਇੱਕ ਕੌਲੀ
ਸੋਨੇ ਦੀ ਦਸ ਤੋਲੇ ਦੀ ਧੂਪ ਨਾਲ ਭਰੀ ਹੋਈ। 57ਇੱਕ ਵਹਿੜਾ, ਇੱਕ ਛੱਤ੍ਰਾ, ਇੱਕ ਇੱਕ ਸਾਲਾ
ਲੇਲਾ ਹੋਮ ਦੀ ਬਲੀ ਲਈ। 58ਇੱਕ ਪੱਠਾ ਪਾਪ ਦੀ ਬਲੀ ਲਈ 59ਅਤੇ ਸੁਖ ਸਾਂਦ ਦੀ ਬਲੀ ਲਈ
ਦੋ ਬਲਦ, ਪੰਜ ਛੱਤ੍ਰੇ, ਪੰਜ ਬੱਕਰੇ ਅਤੇ ਪੰਜ ਇੱਕ ਸਾਲੇ ਲੇਲੇ। ਏਹ ਪਦਾਹਸੂਰ ਦੇ ਪੁੱਤ੍ਰ
ਗਮਲੀਏਲ ਦਾ ਚੜ੍ਹਾਵਾ ਸੀ।

60ਨੌਵੇਂ ਦਿਨ ਬਿਨਯਾਮੀਨੀਆਂ ਦਾ ਪਰਧਾਨ ਗਿਦਓਨੀ ਦਾ ਪੁੱਤ੍ਰ ਅਬੀਦਾਨ ਆਪਣਾ
ਚੜ੍ਹਾਵਾ ਲਿਆਇਆ। 61ਉਹ ਦਾ ਚੜ੍ਹਾਵਾ ਚਾਂਦੀ ਦਾ ਇੱਕ ਥਾਲ ਸੀ ਜਿਸ ਦਾ ਤੋਲ ਇੱਕ ਸੇਰ
ਦਸ ਛਟਾਂਕ ਸੀ ਅਤੇ ਚਾਂਦੀ ਦਾ ਇੱਕ ਕਟੋਰਾ ਚੌਦਾਂ ਛਟਾਂਕ ਦਾ ਪਵਿੱਤ੍ਰ ਅਸਥਾਨ ਦੇ ਸ਼ਕਲ
ਅਨੁਸਾਰ। ਏਹ ਦੋਵੇਂ ਮੈਦੇ ਦੀ ਭੇਟ ਲਈ ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ। 62ਇੱਕ ਕੌਲੀ
ਸੋਨੇ ਦੀ ਦਸ ਤੋਲੇ ਦੀ ਧੂਪ ਨਾਲ ਭਰੀ ਹੋਈ। 63ਇੱਕ ਵਹਿੜਾ, ਇੱਕ ਛੱਤ੍ਰਾ, ਇੱਕ ਇੱਕ ਸਾਲਾ
ਲੇਲਾ ਹੋਮ ਦੀ ਬਲੀ ਲਈ। 64ਇੱਕ ਪੱਠਾ ਪਾਪ ਦੀ ਬਲੀ ਲਈ 65ਅਤੇ ਸੁਖ ਸਾਂਦ ਦੀ ਬਲੀ ਲਈ
ਦੋ ਬਲਦ, ਪੰਜ ਛੱਤ੍ਰੇ, ਪੰਜ ਬੱਕਰੇ ਅਤੇ ਪੰਜ ਇੱਕ ਸਾਲੇ ਲੇਲੇ। ਏਹ ਗਿਦਓਨੀ ਦੇ ਪੁੱਤ੍ਰ
ਅਬੀਦਾਨ ਦਾ ਚੜ੍ਹਾਵਾ ਸੀ।

[66]ਦਸਵੇਂ ਦਿਨ ਦਾਨੀਆਂ ਦਾ ਪਰਧਾਨ ਅੰਮੀਸ਼ੱਦਾਈ ਦਾ ਪੁੱਤ੍ਰ ਅਹੀਅਜ਼ਰ ਆਪਣਾ ਚੜ੍ਹਾਵਾ ਲਿਆਇਆ। [67]ਉਹ ਦਾ ਚੜ੍ਹਾਵਾ ਚਾਂਦੀ ਦਾ ਇੱਕ ਥਾਲ ਸੀ ਜਿਸ ਦਾ ਤੋਲ ਇੱਕ ਸੇਰ ਦਸ ਛਟਾਂਕ ਸੀ ਅਤੇ ਚਾਂਦੀ ਦਾ ਇੱਕ ਕਟੋਰਾ ਚੌਦਾਂ ਛਟਾਂਕ ਦਾ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ। ਏਹ ਦੋਵੇਂ ਮੈਦੇ ਦੀ ਭੇਟ ਲਈ ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ। [68]ਇੱਕ ਕੌਲੀ ਸੋਨੇ ਦੀ ਦਸ ਤੋਲੇ ਦੀ ਧੂਪ ਨਾਲ ਭਰੀ ਹੋਈ। [69]ਇੱਕ ਵਹਿੜਾ, ਇੱਕ ਛੱਤ੍ਰਾ, ਇੱਕ ਇੱਕ ਸਾਲਾ ਲੇਲਾ ਹੋਮ ਦੀ ਬਲੀ ਲਈ। [70]ਇੱਕ ਪੱਠਾ ਪਾਪ ਦੀ ਬਲੀ ਲਈ [71]ਅਤੇ ਸੁਖ ਸਾਂਦ ਦੀ ਬਲੀ ਲਈ ਦੋ ਬਲਦ, ਪੰਜ ਛੱਤ੍ਰੇ, ਪੰਜ ਬੱਕਰੇ ਅਤੇ ਪੰਜ ਇੱਕ ਸਾਲੇ ਲੇਲੇ। ਏਹ ਅੰਮੀਸ਼ੱਦਾਈ ਦੇ ਪੁੱਤ੍ਰ ਅਹੀਅਜ਼ਰ ਦਾ ਚੜ੍ਹਾਵਾ ਸੀ।

[72]ਗਿਆਰ੍ਹਵੇਂ ਦਿਨ ਆਸ਼ੇਰੀਆਂ ਦਾ ਪਰਧਾਨ ਆਕਰਾਨ ਦਾ ਪੁੱਤ੍ਰ ਪਗੀਏਲ ਆਪਣਾ ਚੜ੍ਹਾਵਾ ਲਿਆਇਆ। [73]ਉਹ ਦਾ ਚੜ੍ਹਾਵਾ ਚਾਂਦੀ ਦਾ ਇੱਕ ਥਾਲ ਸੀ ਜਿਸ ਦਾ ਤੋਲ ਇੱਕ ਸੇਰ ਦਸ ਛਟਾਂਕ ਸੀ ਅਤੇ ਚਾਂਦੀ ਦਾ ਇੱਕ ਕਟੋਰਾ ਚੌਦਾਂ ਛਟਾਂਕ ਦਾ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ। ਏਹ ਦੋਵੇਂ ਮੈਦੇ ਦੀ ਭੇਟ ਲਈ ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ। [74]ਇੱਕ ਕੌਲੀ ਸੋਨੇ ਦੀ ਦਸ ਤੋਲੇ ਦੀ ਧੂਪ ਨਾਲ ਭਰੀ ਹੋਈ। [75]ਇੱਕ ਵਹਿੜਾ, ਇੱਕ ਛੱਤ੍ਰਾ, ਇੱਕ ਇੱਕ ਸਾਲਾ ਲੇਲਾ ਹੋਮ ਦੀ ਬਲੀ ਲਈ। [76]ਇੱਕ ਪੱਠਾ ਪਾਪ ਦੀ ਬਲੀ ਲਈ [77]ਅਤੇ ਸੁਖ ਸਾਂਦ ਦੀ ਬਲੀ ਲਈ ਦੋ ਬਲਦ, ਪੰਜ ਛੱਤ੍ਰੇ, ਪੰਜ ਬੱਕਰੇ ਅਤੇ ਪੰਜ ਇੱਕ ਸਾਲੇ ਲੇਲੇ। ਏਹ ਆਕਰਾਨ ਦੇ ਪੁੱਤ੍ਰ ਪਗੀਏਲ ਦਾ ਚੜ੍ਹਾਵਾ ਸੀ।

[78]ਬਾਰ੍ਹਵੇਂ ਦਿਨ ਨਫ਼ਤਾਲੀਆਂ ਦਾ ਪਰਧਾਨ ਏਨਾਨ ਦਾ ਪੁੱਤ੍ਰ ਅਹੀਰਾ ਆਪਣਾ ਚੜ੍ਹਾਵਾ ਲਿਆਇਆ। [79]ਉਹ ਦਾ ਚੜ੍ਹਾਵਾ ਚਾਂਦੀ ਦਾ ਇੱਕ ਥਾਲ ਸੀ ਜਿਸ ਦਾ ਤੋਲ ਇੱਕ ਸੇਰ ਦਸ ਛਟਾਂਕ ਸੀ ਅਤੇ ਚਾਂਦੀ ਦਾ ਇੱਕ ਕਟੋਰਾ ਚੌਦਾਂ ਛਟਾਂਕ ਦਾ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ। ਏਹ ਦੋਵੇਂ ਮੈਦੇ ਦੀ ਭੇਟ ਲਈ ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ। [80]ਇੱਕ ਕੌਲੀ ਸੋਨੇ ਦੀ ਦਸ ਤੋਲੇ ਦੀ ਧੂਪ ਨਾਲ ਭਰੀ ਹੋਈ। [81]ਇੱਕ ਵਹਿੜਾ, ਇੱਕ ਛੱਤ੍ਰਾ, ਇੱਕ ਇੱਕ ਸਾਲਾ ਲੇਲਾ ਹੋਮ ਦੀ ਬਲੀ ਲਈ। [82]ਇੱਕ ਪੱਠਾ ਪਾਪ ਦੀ ਬਲੀ ਲਈ [83]ਅਤੇ ਸੁਖ ਸਾਂਦ ਦੀ ਬਲੀ ਲਈ ਦੋ ਬਲਦ, ਪੰਜ ਛੱਤ੍ਰੇ, ਪੰਜ ਬੱਕਰੇ ਅਤੇ ਪੰਜ ਇੱਕ ਸਾਲੇ ਲੇਲੇ। ਏਹ ਏਨਾਨ ਦੇ ਪੁੱਤ੍ਰ ਅਹੀਰਾ ਦਾ ਚੜ੍ਹਾਵਾ ਸੀ।

[84]ਏਹ ਇਸਰਾਏਲ ਦੇ ਪਰਧਾਨਾਂ ਵੱਲੋਂ ਜਗਵੇਦੀ ਦੀ ਚੱਠ ਲਈ ਚੜ੍ਹਾਵਾ ਸੀ ਜਿਸ ਦਿਨ ਉਹ ਚੋਪੜੀ ਗਈ ਅਰਥਾਤ ਚਾਂਦੀ ਦੇ ਬਾਰਾਂ ਥਾਲ, ਚਾਂਦੀ ਦੇ ਬਾਰਾਂ ਕਟੋਰੇ, ਸੋਨੇ ਦੀਆਂ ਬਾਰਾਂ ਕੌਲੀਆਂ। [85]ਚਾਂਦੀ ਦਾ ਹਰ ਥਾਲ ਇੱਕ ਸੇਰ ਦਸ ਛਟਾਂਕ ਅਤੇ ਚਾਂਦੀ ਦਾ ਹਰ ਕਟੋਰਾ ਚੌਦਾਂ ਛਟਾਂਕ ਸਾਰੇ ਚਾਂਦੀ ਦੇ ਭਾਂਡੇ ਤੀਹ ਸੇਰ ਸਨ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ। [86]ਸੋਨੇ ਦੀਆਂ ਬਾਰਾਂ ਕੌਲੀਆਂ ਧੂਪ ਨਾਲ ਭਰੀਆਂ ਹੋਈਆਂ ਹਰ ਕੌਲੀ ਦਸ ਤੋਲੇ ਦੀ ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ ਸੋ ਕੌਲੀਆਂ ਦਾ ਸਾਰਾ ਸੋਨਾ ਡੂਢ ਸੇਰ ਸੀ। [87]ਹੋਮ ਦੀ ਬਲੀ ਦੇ ਸਾਰੇ ਪਸੂ ਬਾਰਾਂ ਵਹਿੜੇ, ਬਾਰਾਂ ਛੱਤ੍ਰੇ, ਬਾਰਾਂ ਲੇਲੇ ਇੱਕ ਸਾਲੇ ਉਨ੍ਹਾਂ ਦੀ ਮੈਦੇ ਦੀ ਭੇਟ ਸਣੇ ਬਾਰਾਂ ਪੱਠੇ ਪਾਪ ਦੀ ਬਲੀ ਲਈ [88]ਅਤੇ ਸੁਖ ਸਾਂਦ ਦੀ ਬਲੀ ਲਈ ਸਾਰੇ ਪਸੂ ਏਹ ਸਨ, - ਚੌਵੀ ਬਲਦ, ਸੱਠ ਛੱਤ੍ਰੇ, ਸੱਠ ਬੱਕਰੇ, ਸੱਠ ਲੇਲੇ ਇੱਕ ਸਾਲੇ, ਏਹ ਜਗਵੇਦੀ ਦੀ ਚੱਠ ਲਈ ਉਸ ਦੇ ਤੇਲ ਨਾਲ ਚੋਪੜਨ ਦੇ ਪਿੱਛੋਂ ਸਨ।

**ਆਇਤਾਂ 10, 11.** ਇਸ ਅਧਿਆਇ ਦਾ ਸਭ ਤੋਂ ਵੱਡਾ ਹਿੱਸਾ ਇਸ ਬਿਰਤਾਂਤ ਨਾਲ ਲਿਆ ਗਿਆ ਹੈ ਕਿ ਕਿਵੇਂ ਬਾਰਾਂ ਗੋਤਾਂ ਦੇ ਹਰੇਕ **ਪਰਧਾਨ ਜਗਵੇਦੀ ਦੀ ਚੱਠ ਲਈ ਜਿਸ ਦਿਨ ਉਸ ਉੱਤੇ ਤੇਲ ਚੋਪੜਿਆ ਗਿਆ ਆਪਣੀਆਂ ਨਜ਼ਰਾਂ** ਲਿਆਏ। ਇਬਰਾਨੀ ਸ਼ਬਦ (הָנֻכָּה,

*ਚਾਨੁਕਾਹ)* ਜਿਸ ਦਾ ਅਨੁਵਾਦ 7:10, 11, 84, 88 ਵਿਚ ਚੱਠ ਕੀਤਾ ਗਿਆ ਹੈ, ਇਸ ਨਾਲ ਸੰਬੰਧਤ ਕਿਰਿਆ ਦੇ ਨਾਲ, ਇਸ ਦੇ ਇਰਾਦਤਨ ਉਦੇਸ਼ ਦੇ ਲਈ ਇਕ ਰਚਨਾ ਦੀ ਪਹਿਲੀ ਵਰਤੋਂ ਨੂੰ ਦਰਸਾਉਂਦਾ ਹੈ। ਇਸ ਤਰੀਕੇ ਨਾਲ ਇਕ ਘਰ (ਬਿਵਸਥਾ ਸਾਰ 20:5), ਸ਼ਹਿਰ ਦੀ ਕੰਧ (ਨਹਮਯਾਹ 12:27), ਜਾਂ ਮੂਰਤ (ਦਾਨੀਏਲ 3:2, 3) ਦੀ ਚੱਠ ਕੀਤੀ ਜਾ ਸਕਦੀ ਸੀ, ਜਿਵੇਂ ਕਿ ਸੁਲੇਮਾਨ ਦਾ ਮੰਦਿਰ (1 ਰਾਜਿਆਂ 8:63; 2 ਇਤਹਾਸ 7:5) ਅਤੇ ਇਸ ਦੀ ਜਗਵੇਦੀ ਸੀ (2 ਇਤਹਾਸ 7:9)। ਰੌਏ ਗੇਨ ਨੇ ਇਸ ਸ਼ਬਦ ਦੀ ਵਰਤੋਂ ਦਾ ਪਤਾ ਲਗਾਇਆ:

> ਅੱਗੇ ਜਾ ਕੇ [ਇਹੀ ਸ਼ਬਦ] *ਹਨੁਕਾਹ* ਦੂਜੇ ਮੰਦਿਰ ਦੀ ਚੱਠ ਦੇ ਲਈ ਅਰਾਮੀ ਵਿਚ ਆਉਂਦਾ ਹੈ (ਅਜ਼ਰਾ 6:16-17)। ਦਸੰਬਰ ਵਿਚ ਹਨੁਕਾਹ ਦੀ ਯਹੂਦੀ ਛੁੱਟੀ ਨਵੀ ਜਗਵੇਦੀ ਦੀ ਸ਼ੁਰੂਆਤ ਦਾ ਜਸ਼ਨ ਮਨਾਉਂਦੀ ਹੈ ਜਦੋਂ ਮਕਾਬੀਆਂ ਸਲੂਸਿਡ ਰਾਜਾ ਅੰਤਾਕਿਯੁਸ IV ਐਪੀਫੈਨਸ ਦੀਆਂ ਸਤਾਉਣ ਵਾਲੀਆਂ ਤਾਕਤਾਂ ਦੁਆਰਾ ਦੂਜੇ ਮੰਦਿਰ ਦੇ ਅਪਵਿੱਤਰ ਕੀਤੇ ਜਾਣ ਤੋਂ ਬਾਅਦ ਇਸ ਨੂੰ ਸ਼ੁੱਧ ਅਤੇ ਦੁਬਾਰਾ ਪਵਿੱਤਰ ਕੀਤਾ (1 ਮਕਾਬੀਆਂ 4:52-59)।[4]

ਉਸ ਨੂੰ ਧਿਆਨ ਵਿਚ ਰੱਖਦੇ ਹੋਏ ਜੋ **ਯਹੋਵਾਹ ਨੇ ਮੂਸਾ ਨੂੰ ਆਖਿਆ** ਸੀ, **ਇਕੱਲਾ ਇਕੱਲਾ ਪਰਧਾਨ ਆਪਣੀ ਵਾਰੀ ਦੇ ਦਿਨ ਜਗਵੇਦੀ ਦੀ ਚੱਠ ਲਈ** ਆਪਣੀਆਂ ਨਜ਼ਰਾਂ ਲਿਆਇਆ।

**ਆਇਤਾਂ 12-83.** ਦੁਹਰਾਉਣ ਦੇ ਨਾਲ, ਲਿਖਤ ਚੇਤੇ ਕਰਾਉਂਦੀ ਹੈ ਕਿ ਕਿਵੇਂ ਬਾਰਾਂ ਗੋਤਾਂ ਦਾ ਹਰੇਕ ਪਰਧਾਨ ਜਗਵੇਦੀ ਦੀ ਚੱਠ ਦੇ ਲਈ ਇੱਕੋ ਜਿਹੀਆਂ ਨਜ਼ਰਾਂ ਲੈ ਕੇ ਆਇਆ। ਇਕ ਪਰਧਾਨ ਆਪਣੀਆਂ ਨਜ਼ਰਾਂ ਪਹਿਲੇ ਦਿਨ ਲੈ ਕੇ ਆਇਆ, ਦੂਜਾ ਪਰਧਾਨ ਦੂਜੇ ਦਿਨ ਲੈ ਕੇ ਆਇਆ ਅਤੇ ਇਸ ਸਿਲਸਿਲਾ ਇਸੇ ਤਰ੍ਹਾਂ ਚੱਲਦਾ ਰਿਹਾ ਜਦੋਂ ਤੱਕ, ਬਾਰਾਂ ਦਿਨਾਂ ਬਾਅਦ, ਸਾਰੇ ਪਰਧਾਨ ਆਪਣੀਆਂ ਨਜ਼ਰਾਂ ਨਹੀਂ ਸੀ ਦੇ ਚੁੱਕੇ। ਪਰਧਾਨ ਉਹੀ ਮਨੁੱਖ ਸਨ ਜਿਨ੍ਹਾਂ ਦੇ ਨਾਮ 1:5-15 ਵਿਚ ਦਿੱਤੇ ਗਏ ਸਨ ਅਤੇ ਗੋਤਾਂ ਦੀ ਸੂਚੀ ਉਸੇ ਤਰਤੀਬ ਵਿਚ ਦਿੱਤੀ ਗਈ ਹੈ ਜੋ ਅਧਿਆਇ 2 ਵਿਚ ਵਰਤੀ ਗਈ ਸੀ। ਇਹ ਉਹੀ ਤਰਤੀਬ ਸੀ ਜਿਸ ਦੇ ਅਨੁਸਾਰ ਉਨ੍ਹਾਂ ਨੇ ਡੇਹਰੇ ਦੇ ਆਲੇ-ਦੁਆਲੇ ਡੇਰਾ ਲਾਇਆ ਸੀ ਅਤੇ ਉਹ ਤਰਤੀਬ ਸੀ ਜਿਸ ਦੇ ਵਿਚ ਉਨ੍ਹਾਂ ਨੇ ਆਪਣੇ ਸਫ਼ਰਾਂ ਤੇ ਨਿੱਕਲਣਾ ਸੀ। ਨਜ਼ਰਾਂ ਜੋ ਹਰ ਇਕ ਪਰਧਾਨ ਲੈ ਕੇ ਆਏ ਸਨ ਤੋਲ ਵਿਚ **ਪਵਿੱਤ੍ਰ ਅਸਥਾਨ ਦੇ ਸ਼ਕਲ ਅਨੁਸਾਰ**, ਹੇਠ ਲਿਖੇ ਅਨੁਸਾਰ ਸੀ:

1 **ਚਾਂਦੀ ਦਾ ਥਾਲ**, ਤੋਲ ਵਿਚ 130 **ਸ਼ਕਲ, ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ**
1 **ਚਾਂਦੀ ਦਾ ਕਟੋਰਾ**, ਤੋਲ ਵਿਚ 70 ਸ਼ਕਲ, "ਤੇਲ ਮਿਲੇ ਹੋਏ ਮੈਦੇ ਨਾਲ ਭਰੇ ਹੋਏ ਸਨ"
1 **ਕੌਲੀ ਸੋਨੇ ਦੇ**, ਤੋਲ ਵਿਚ 10 **ਸ਼ਕਲ, ਧੂਪ ਨਾਲ ਭਰੀ ਹੋਈ**
1 **ਵਹਿੜਾ**, 1 **ਛੱਤ੍ਰਾ**, 1 **ਲੇਲਾ**, **ਹੋਮ ਦੀ ਬਲੀ** ਲਈ
1 **ਪੱਠਾ ਪਾਪ ਦੀ ਬਲੀ ਲਈ**
2 **ਬਲਦ**, 5 **ਛੱਤ੍ਰੇ**, 5 **ਬੱਕਰੇ**, 5 **ਲੇਲੇ**, **ਸੁਖ ਸਾਂਦ ਦੀ ਬਲੀ** ਲਈ

12 ਆਇਤ ਤੋਂ ਲੈ ਕੇ 83 ਆਇਤ ਤੱਕ, ਹਵਾਲਾ ਵਰਣਨ ਕਰਦਾ ਹੈ ਇਹ ਨਜ਼ਰਾਂ ਹਰੇਕ ਨਜ਼ਰ ਦੇ ਲਈ ਬਿਲਕੁਲ ਇੱਕੋ ਜਿਹੇ ਸ਼ਬਦ ਦੀ ਵਰਤੋਂ ਕਰ ਰਹੀਆਂ ਹਨ (1:20-43 ਦੀ ਤੁਲਨਾ ਕਰੋ)। ਲੇਖਕ ਨੇ ਅਜਿਹੇ ਦੁਹਰਾਉਣ ਦੀ ਵਰਤੋਂ ਕਿਉਂ ਕੀਤੀ ਸੀ? ਇਕ ਸੰਭਵ ਉੱਤਰ ਇਹ ਹੈ ਕਿ ਪੁਰਾਤਨ ਸਮਿਆਂ ਵਿਚ ਲਿਖਣ ਦੀ ਸ਼ੈਲੀ ਵਿਚ ਅੱਜ ਦੀ ਸ਼ੈਲੀ ਦੇ ਮੁਕਾਬਲੇ ਜ਼ਿਆਦਾ ਦੁਹਰਾਉਣ ਦੀ ਵਰਤੋਂ ਕੀਤੀ ਜਾਂਦੀ ਸੀ, ਜਿਸ ਨਾਲ ਲੋਕਾਂ ਨੂੰ ਅਸਾਨੀ ਨਾਲ ਯਾਦ ਹੋ ਜਾਂਦਾ ਸੀ। ਇਸ ਤੋਂ ਇਲਾਵਾ, ਇਹ ਤੱਥ ਕਿ ਹਰੇਕ ਗੋਤ, ਭਾਵੇਂ ਉਹ ਗੋਤ ਵੱਡਾ ਹੋਵੇ ਜਾਂ ਛੋਟਾ, ਬਿਲਕੁਲ ਇੱਕੋ ਜਿਹਾ ਚੜ੍ਹਾਵਾ ਲੈ ਕੇ ਆਇਆ ਜੋ ਇਹ ਦਰਸਾਉਂਦਾ ਹੈ ਕਿ ਸਾਰੇ ਗੋਤ

ਮਹੱਤਵਪੂਰਣ ਸਨ; ਹਰੇਕ ਗੋਤ ਦੇ ਦੇਣ ਦਾ ਆਪਣਾ ਇਕ ਵਿਸ਼ੇਸ਼ ਦਿਨ ਸੀ। ਉਸ ਤੋਂ ਇਲਾਵਾ, ਦੁਹਰਾਇਆ ਜਾਣਾ ਅਨੁਭਵ ਦੀ ਮਹੱਤਤਾ ਤੇ ਜ਼ੋਰ ਦਿੰਦਾ ਹੈ। ਕਿਉਂਕਿ ਹਰ ਇਕ ਦਿਨ ਦਾ ਚੜ੍ਹਾਵਾ ਉਸ ਵਿਚ ਜੁੜੀ ਜਾਂਦਾ ਸੀ ਜੋ ਪਹਿਲਾਂ ਲਿਆਂਦਾ ਗਿਆ ਸੀ, ਇਸ ਦਾ ਸਮੁੱਚਾ ਪ੍ਰਭਾਵ ਇਹ ਹੋਇਆ ਕਿ ਯਹੋਵਾਹ ਪਰਮੇਸ਼ੁਰ ਨੂੰ ਹੋਰ ਜ਼ਿਆਦਾ ਉਸਤਤ ਮਿਲੀ।

**ਆਇਤਾਂ 84-88.** ਬਾਰਾਂ ਗੋਤਾਂ ਦੁਆਰਾ ਦਿੱਤੇ ਗਏ ਬਾਰਾਂ ਦਿਨਾਂ ਦੇ ਲਈ ਚੜ੍ਹਾਵੇ ਕਾਫ਼ੀ ਪ੍ਰਭਾਵਸ਼ਾਲੀ ਸਨ ਕਿ ਉਨ੍ਹਾਂ ਦੀ ਗਿਣਤੀ ਨੂੰ ਇਸ ਅਧਿਆਇ ਵਿਚ ਸ਼ਾਮਲ ਕੀਤਾ ਗਿਆ ਸੀ। ਗੋਤਾਂ ਦੇ ਮੁਖੀਏ **ਬਾਰਾਂ ਚਾਂਦੀ ਦੇ ਥਾਲ** ਲਿਆਏ ਅਤੇ ਹਰੇਕ ਥਾਲ ਦਾ ਤੋਲ ਵਿਚ ਲਗਭਗ ਤਿੰਨ ਪਾਊਂਡ ਸੀ; **ਬਾਰਾਂ ਚਾਂਦੀ ਦੇ ਕਟੋਰੇ** ਲਿਆਏ ਅਤੇ ਹਰੇਕ ਕਟੋਰਾ ਤੋਲ ਵਿਚ ਦੋ ਪਾਊਂਡ ਨਾਲੋਂ ਥੋੜ੍ਹਾ ਜਿਹਾ ਘੱਟ ਸੀ ਅਤੇ **ਬਾਰਾਂ ਸੋਨੇ ਦੀਆਂ ਕੌਲੀਆਂ** ਲਿਆਏ ਅਤੇ ਹਰੇਕ ਕੌਲੀ ਤੋਲ ਵਿਚ ਲਗਭਗ ਚਾਰ ਔਂਸ ਸੀ ਅਤੇ ਉਹ ਮੈਦੇ, ਤੇਲ ਅਤੇ ਧੂਪ ਤੋਂ ਇਲਾਵਾ ਕੁਰਬਾਨ ਕਰਨ ਦੇ ਲਈ 252 ਜਾਨਵਰ ਵੀ ਲਿਆਏ। ਇਹ ਸਾਰੇ ਚੜ੍ਹਾਵੇ **ਜਗਵੇਦੀ ਦੀ ਚੱਠ ਲਈ ਉਸ ਦੇ ਤੇਲ ਨਾਲ ਚੋਪੜਨ ਦੇ ਪਿੱਛੋਂ** ਲਿਆਂਦੇ ਗਏ ਸਨ।

## ਤੰਬੂ ਵਿਚ ਮੂਸਾ ਨਾਲ ਪਰਮੇਸ਼ੁਰ ਦੀ ਗੱਲਬਾਤ (7:89)

**89ਜਦ ਮੂਸਾ ਮੰਡਲੀ ਦੇ ਤੰਬੂ ਵਿੱਚ ਉਹ ਦੇ ਨਾਲ ਬੋਲਣ ਲਈ ਵੜਿਆ ਤਾਂ ਉਸ ਨੇ ਉਸ ਆਵਾਜ਼ ਨੂੰ ਪਰਸਾਇਚਤ ਦੇ ਸਰਪੋਸ਼ ਦੇ ਉੱਤੋਂ ਜਿਹੜਾ ਸਾਖੀ ਦੇ ਸੰਦੂਕ ਦੇ ਉੱਤੇ ਸੀ ਦੋਹਾਂ ਕਰੂਬੀਆਂ ਦੇ ਵਿੱਚੋਂ ਦੀ ਬੋਲਦੇ ਸੁਣਿਆ ਅਤੇ ਉਹ ਉਸ ਦੇ ਨਾਲ ਬੋਲਿਆ।**

**ਆਇਤ 89.** ਇਹ ਅਧਿਆਇ ਇਸ ਟਿੱਪਣੀ ਨਾਲ ਖਤਮ ਹੁੰਦਾ ਹੈ ਕਿ ਮੂਸਾ ਪਰਮੇਸ਼ੁਰ ਨਾਲ ਗੱਲ ਕਰਨ ਦੇ ਲਈ ਤੰਬੂ ਵਿਚ ਵੜਿਆ। ਤੰਬੂ ਦੇ ਅੰਦਰ ਮੂਸਾ ਨੇ ਪਰਮੇਸ਼ੁਰ ਦੀ **ਆਵਾਜ਼** ਨੂੰ **ਸੁਣਿਆ**, ਜਿਹੜੀ **ਸਰਪੋਸ਼ ਦੇ ਉੱਤੋਂ** ਆਈ ਜਿਹੜਾ **ਸਾਖੀ ਦੇ ਸੰਦੂਕ ਦੇ ਉੱਤੇ ਸੀ ਦੋਹਾਂ ਕਰੂਬੀਆਂ ਦੇ ਵਿੱਚੋਂ**। ਇਹ ਆਇਤ ਉਸ ਨਾਲ ਸੰਬੰਧਤ ਜੋ ਪਹਿਲਾਂ ਕਿਹਾ ਗਿਆ ਸੀ ਅਤੇ ਉਸ ਤੋਂ ਤੁਰੰਤ ਬਾਅਦ ਜੋ ਆਉਂਦਾ ਹੈ ਉਸ ਨੂੰ ਤੈਅ ਕਰਨਾ ਮੁਸ਼ਕਲ ਹੈ। ਇਕ ਹੋਰ ਸੰਭਾਵਨਾ ਇਹ ਹੈ ਕਿ ਪਿਛਲਾ ਹਵਾਲਾ ਪਰਮੇਸ਼ੁਰ ਵੱਲੋਂ ਇਕ ਸੰਦੇਸ਼ ਨਾਲ ਸ਼ੁਰੂ ਹੋਇਆ ਸੀ (7:11) ਅਤੇ ਉਸ ਤੋਂ ਬਾਅਦ ਜਿਹੜਾ ਹਵਾਲਾ ਆਉਂਦਾ ਹੈ ਉਹ ਵੀ ਇਹ ਦੱਸਣ ਦੁਆਰਾ ਸ਼ੁਰੂ ਹੁੰਦਾ ਹੈ ਕਿ ਪਰਮੇਸ਼ੁਰ ਨੇ ਮੂਸਾ ਨਾਲ ਗੱਲ ਕੀਤੀ (8:1)। ਸ਼ਾਇਦ ਇਸ ਆਇਤ ਦਾ ਉਦੇਸ਼ ਪਾਠਕਾਂ ਨੂੰ ਇਹ ਦੱਸਣਾ ਸੀ ਉਸ ਨੇ ਮੂਸਾ ਨੂੰ ਇਹ ਸੰਦੇਸ਼ ਕਿੱਥੇ ਦਿੱਤੇ ਸਨ। ਰੋਨਲਡ ਬੀ. ਐਲਨ ਨੇ ਸੁਝਾਅ ਦਿੱਤਾ ਸੀ ਕਿ ਇਹ ਆਇਤ ਅਧਿਆਇ ਨੂੰ ਸਿਖਰ ਪ੍ਰਦਾਨ ਕਰਦੀ ਹੈ। ਲੋਕਾਂ ਦੁਆਰਾ ਲਿਆਂਦੇ ਗਏ "ਸ਼ਾਨਦਾਰ ਚੜ੍ਹਾਵਿਆਂ" ਦਾ ਜਵਾਬ ਯਹੋਵਾਹ ਨੇ ਉਨ੍ਹਾਂ ਨਾਲ ਗੱਲਬਾਤ ਸਥਾਪਤ ਕਰਨ ਅਤੇ ਉਨ੍ਹਾਂ ਦੇ ਨਾਲ ਮੂਸਾ ਦੇ ਰਾਹੀਂ ਗੱਲ ਕਰਨ ਦੁਆਰਾ ਦਿੱਤਾ ਸੀ ਅਤੇ ਇਸ ਤਰ੍ਹਾਂ ਕਰਕੇ ਉਸ ਨੇ ਕੂਚ 25:22 ਦੇ ਵਾਅਦੇ ਨੂੰ ਪੂਰਾ ਕੀਤਾ ਸੀ।[5] ਕੁਝ ਵੀ ਹੋਵੇ, ਇਹ ਆਇਤ ਡੇਹਰੇ ਤੇ ਜ਼ੋਰ ਨਾਲ ਮੇਲ ਖਾਂਦੀ ਹੈ ਜੋ ਪੁਸਤਕ ਦੇ ਇਸ ਹਿੱਸੇ ਵਿਚ ਪਾਇਆ ਜਾਂਦਾ ਹੈ।

## ਪ੍ਰਾਸੰਗਿਕਤਾ

### "ਕਿਸੇ ਦਾ ਪੱਖ ਕਰਨ ਵਾਲਾ ਨਹੀਂ" (ਅਧਿਆਇ 7)

ਹਰ ਗੋਤ, ਭਾਵੇਂ ਉਹ ਵੱਡਾ ਜਾਂ ਛੋਟਾ ਹੋਵੇ, ਜਗਵੇਦੀ ਦੀ ਚੱਠ ਦੇ ਲਈ ਇੱਕੋ ਜਿਹਾ ਚੜ੍ਹਾਵਾ ਲੈ ਕੇ ਆਇਆ। ਇਸ ਉਦਾਹਰਣ ਤੋਂ ਮਸੀਹੀ ਲੋਕਾਂ ਨੂੰ ਇਹ ਚੇਤੇ ਕਰਨਾ ਚਾਹੀਦਾ ਹੈ

ਕਿ "ਪਰਮੇਸ਼ੁਰ ਕਿਸੇ ਦਾ ਪੱਖ ਨਹੀਂ ਕਰਦਾ" (ਰਸੂਲਾਂ ਦੇ ਕਰਤੱਬ 10:34; KJV); ਉਹ "ਪੱਖਪਾਤ ਕਰਨ ਵਾਲਾ ਪਰਮੇਸ਼ੁਰ ਨਹੀਂ ਹੈ" (NASB)। ਇਕ ਭਾਵ ਵਿਚ, ਪਰਮੇਸ਼ੁਰ ਸਾਰੇ ਮਸੀਹੀ ਲੋਕਾਂ ਤੋਂ ਇਹ ਉਮੀਦ ਨਹੀਂ ਕਰਦਾ ਕਿ ਉਹ ਇੱਕੋ ਜਿਹਾ ਕੰਮ ਕਰਨ। ਸਾਡੇ ਵਿੱਚੋਂ ਕੁਝ ਲੋਕ ਦੂਜਿਆਂ ਨਾਲੋਂ ਜ਼ਿਆਦਾ ਦੇ ਸਕਦੇ ਹਨ। ਸਾਡੇ ਅੰਦਰ ਵੱਖ-ਵੱਖ ਹੁਨਰ ਹਨ ਜੋ ਸਾਨੂੰ ਵੱਖ-ਵੱਖ ਤਰੀਕਿਆਂ ਨਾਲ ਪ੍ਰਭੂ ਦੀ ਸੇਵਾ ਕਰਨ ਦੇ ਯੋਗ ਬਣਾਉਂਦੇ ਹਨ। ਫਿਰ ਵੀ, ਪਰਮੇਸ਼ੁਰ ਮੰਗ ਕਰਦਾ ਹੈ ਕਿ ਬਚਾਏ ਜਾਣ ਦੇ ਲਈ ਹਰ ਕੋਈ ਇੱਕੋ ਕੰਮ ਕਰੇ। ਭਾਵੇਂ ਅਮੀਰ ਜਾਂ ਗਰੀਬ, ਭਾਵੇਂ ਸਾਡੀ ਜਾਤੀ ਜਾਂ ਕੌਮੀਅਤ ਜਾਂ ਮਾਨਸਿਕ ਜਾਂ ਸਰੀਰਕ ਭੇਟਾਂ ਕੋਈ ਵੀ ਹੋਣ, ਸਾਨੂੰ ਬਚਾਏ ਜਾਣ ਦੇ ਲਈ ਮਸੀਹ ਤੇ ਵਿਸ਼ਵਾਸ ਕਰਨ ਅਤੇ ਉਸ ਦਾ ਆਗਿਆ ਦਾ ਪਾਲਣ ਕਰਨ ਦੀ ਲੋੜ ਹੈ (ਮੱਤੀ 7:21; ਮਰਕੁਸ 16:16)। ਇਸ ਤੋਂ ਇਲਾਵਾ, ਸਾਡੇ ਬਚਾਏ ਜਾਣ ਤੋਂ ਬਾਅਦ, ਪ੍ਰਭੂ ਹਰ ਮਸੀਹੀ ਵਿਅਕਤੀ ਤੋਂ ਇੱਕੋ ਜਿਹੀਆਂ ਉਮੀਦਾਂ ਕਰਦਾ ਹੈ: ਉਹ ਸਾਡੇ ਤੋਂ ਇਹ ਉਮੀਦ ਕਰਦਾ ਹੈ ਕਿ ਅਸੀਂ ਨਿਯਮਤ ਰੂਪ ਵਿਚ ਉਸ ਦੀ ਬੰਦਗੀ ਕਰੀਏ, ਖੁੱਲ੍ਹੇ ਦਿਲ ਨਾਲ ਉਸ ਨੂੰ ਦੇਈਏ, ਧਰਮੀ ਜੀਵਨ ਜੀਈਏ ਅਤੇ ਆਪਣੀਆਂ ਦਾਤਾਂ - ਭਾਵੇਂ ਉਹ ਘੱਟ ਜਾਂ ਬਹੁਤ ਸਾਰੀਆਂ ਹਨ - ਵਫ਼ਾਦਾਰੀ ਨਾਲ ਉਸ ਦੀ ਸੇਵਾ ਵਿਚ ਇਸਤੇਮਾਲ ਕਰੀਏ।

---

ਟਿੱਪਣੀਆਂ

[1]ਇਸ ਮਨਾਏ ਜਾਣ ਦਾ ਅਰਥ ਦੱਸਿਆ ਗਿਆ ਹੈ ਪਰ ਗਿਣਤੀ 9 ਵਿਚ ਵਰਣਨ ਨਹੀਂ ਕੀਤਾ ਗਿਆ ਹੈ। [2]ਡੈਨਿਸ. ਟੀ. ਓਲਸਨ ਦੀ ਪੁਸਤਕ ਇੰਟਰਪਰੀਟੇਸ਼ਨ (ਲੂਇਸਵਿਲੇ: ਜੌਨ ਨੌਕਸ ਪ੍ਰੈਸ, 1996) ਵਿਚ ਸਫ਼ੇ 44-45 ਤੇ *ਗਿਣਤੀ* ਹੈ। [3]ਡਬਲਿਯੂ. ਐਸ. ਮੈਕਕੁਲੱਫ ਦੀ ਪੁਸਤਕ *ਦਿ ਇੰਟਰਪਰੇਟਰਸ ਡਿਕਸ਼ਨਰੀ ਆਫ਼ ਦ ਬਾਈਬਲ*, ਸੰਪਾ. ਜੌਰਜ ਆਰਥਰ ਬਟਰਿਕ (ਨੈਸ਼ਵਿਲੇ: ਅਬਿੰਗਡਨ ਪ੍ਰੈਸ, 1962) ਵਿਚ ਸਫ਼ਾ 1:540 ਤੇ ਉਦਾਹਰਣਾਂ ਵਿਚ "ਗੱਡਾ" ਵੇਖੋ। [4]ਰੌਏ ਗੇਨ ਦੀ ਪੁਸਤਕ ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004) ਵਿਚ ਸਫ਼ੇ 549-50 ਤੇ *ਲੇਵੀਆਂ, ਗਿਣਤੀ* ਹੈ। [5]ਰੋਨਲਡ ਬੀ. ਐਲਨ ਦੀ ਪੁਸਤਕ *ਦਿ ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫਰੈਂਕ ਈ. ਗਾਬਾਲਿਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ਾ 763 ਤੇ "ਗਿਣਤੀ" ਹੈ।